## 23 ਸਿਮਰਣ ਤੇ ਸਾਧੂ ਦੀ ਸੰਗਤਿ:

ਬਿਲਾਵਲੁ ਮਹਲਾ ੫ ॥

ਬਿਨੁ ਭੈ ਭਗਤੀ ਤਰਨੁ ਕੈਸੇ ॥

ਕਰਹੁ ਅਨੁਗ੍ਰਹੁ ਪਤਿਤ ਉਧਾਰਨ ਰਾਖੁ ਸੁਆਮੀ ਆਪ ਭਰੋਸੇ ॥੧॥ ਰਹਾਉ ॥

ਪੰਚਮ ਪਾਤਸ਼ਾਹ ਬਿਲਾਵਲ ਰਾਗ ਵਿਚ ਫ਼ੁਰਮਾਣ ਕਰਦੇ ਹਨ ਕਿ ਗੁਰੂ ਦੇ ਡਰ ਅਤੇ ਦੂਜੇ, ਭਗਤੀ, ਭਾਵ, ਸਿਮਰਨ ਤੋਂ ਬਗੈਰ ਕਿਵੇਂ ਤਰਿਆ ਜਾ ਸਕਦਾ ਹੈ, ਭਾਵ ਬਿਲਕੁਲ ਨਹੀਂ ਤਰਿਆ ਜਾ ਸਕਦਾ।
ਹੇ ਸੁਆਮੀ ! ਇਸ ਪਾਪੀ ਤੇ ਕਿਰਪਾ ਕਰੋ ਤੇ ਉਧਾਰ ਲਵੋ, ਇਹ ਪਾਪੀ ਤੁਹਾਡੇ ਹੀ ਭਰੋਸੇ ਤੇ ਹੈ।੧।ਰਹਾਉ।

ਸਿਮਰਨੁ ਨਹੀ ਆਵਤ ਫਿਰਤ ਮਦ ਮਾਵਤ ਬਿਖਿਆ ਰਾਤਾ ਸੁਆਨ ਜੈਸੇ ॥

ਅਉਧ ਬਿਹਾਵਤ ਅਧਿਕ ਮੋਹਾਵਤ ਪਾਪ ਕਮਾਵਤ ਬੁਡੇ ਐਸੇ ॥੧॥

ਸਿਮਰਨ ਤਾਂ ਕਰਦਾ ਨਹੀਂ, ਮੋਹ ਮਾਇਆ ਦੇ ਨਸ਼ੇ ਵਿਚ ਮਸਤ, ਬੇਹੋਸ਼ ਫਿਰਦਾ ਹੈ, ਜਿਵੇਂ ਕੁੱਤਾ ਹਮੇਸ਼ਾ ਬਿਖ ਵਿਚ ਹੀ ਮੂੰਹ ਮਾਰਦਾ ਰਹਿੰਦਾ ਹੈ।
ਵਾਧੂ ਦੀ, ਅਨੇਕ ਤਰ੍ਹਾਂ ਦੀ, ਮੋਹ ਮਾਇਆ ਵਿਚ ਫ਼ਸ ਕੇ ਉਮਰ ਬਤੀਤ ਹੁੰਦੀ ਜਾਂਦੀ ਹੈ, ਕੁਝ ਪਾਪ ਕਰਨ ਵਿਚ ਬੀਤ ਰਹੀ ਹੈ, ਇੰਞ, ਜੀਵ ਭਵ ਸਾਗਰ ਵਿਚ ਡੁਬਦਾ ਜਾ ਰਿਹਾ ਹੈ।

ਸਰਨਿ ਦੁਖ ਭੰਜਨ ਪੁਰਖ ਨਿਰੰਜਨ ਸਾਧੂ ਸੰਗਤਿ ਰਵਣੁ ਜੈਸੇ ॥

ਕੇਸਵ ਕਲੇਸ ਨਾਸ ਅਘ ਖੰਡਨ ਨਾਨਕ ਜੀਵਤ ਦਰਸ ਦਿਸੇ ॥੨॥੯॥੧੨੫॥

ਦੁਖਾਂ ਨੂੰ ਨਾਸ ਕਰਨ ਵਾਲੇ ਮਾਇਆ-ਰਹਿਤ ਸਾਧੂ ਪੁਰਖ ਦੀ ਸੰਗਤ ਵਿਚ ਆ ਕੇ ਉਸ ਨੂੰ ਆਪਾ ਸਮਰਪਣ ਕਰਨਾ ਹੈ ਅਤੇ ਉਸ ਨਾਲ ਘਸ ਘਸ ਕੇ ਉਸ ਵਿਚ ਸਮਾ ਜਾਣਾ ਹੈ। (ਰਵਣੁ ਦਾ ਅਸਲ ਅਰਥ ਹੈ-ਭੋਗਣਾ, ਭਾਵ ਮਿਲਾਪ ਕਰਨਾ, ਓਤ ਪੋਤ ਹੋ ਜਾਣਾ)
ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਅਜਿਹਾ ਕਰਨ ਨਾਲ ਉਸ, ਕਲੇਸ਼ ਅਤੇ ਪਾਪਾਂ ਨੂੰ ਨਾਸ ਕਰਨ ਵਾਲੇ ਕੇਸ਼ਵ (ਪਰਮਾਤਮਾ) ਦੇ ਦਰਸ਼ਨ ਜਿਉਂਦੇ ਜੀਅ ਦਿਸ ਜਾਂਦੇ ਹਨ।

Last modified: 12:26 am